



# Orientation to Ontario





**1-855-626-0002**
https://settlement.org/o2o



*ਕੀ ਤੁਹਾਨੂੰ ਪਤਾ ਹੈ?*

*ਓਂਟਾਰੀਓ ਵਿੱਚ ਸੱਤ ਲੋਕਾਂ ਵਿੱਚੋਂ ਇੱਕ ਨੂੰ ਕਿਸੇ ਕਿਸਮ ਦੀ ਅਸਮਰਥਤਾ (ਅਪੰਗਤਾ) ਹੈ।*



## ਅਸਮਰਥ (ਅਪਾਹਜ) ਲੋਕ

ਅਸਮਰਥ (ਅਪੰਗ) ਲੋਕਾਂ ਨੂੰ ਰੋਜ਼-ਬ-ਰੋਜ਼ ਦੀ ਜ਼ਿੰਦਗੀ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਲਈ ਮਦਦ ਦੀ ਲੋੜ ਪੈਂਦੀ ਹੈ।

ਅਸਮਰਥ (ਅਪੰਗ) ਵਿੱਚ ਨਜ਼ਰ, ਸੁਣਨ, ਸਰੀਰਕ, ਬੋਲਚਾਲ ਜਾਂ ਭਾਸ਼ਾ, ਮਾਨਸਿਕ ਸਿਹਤ, ਪੜ੍ਹਾਈ-ਲਿਖਾਈ, ਬੌਧਿਕ ਜਾਂ ਵਿਕਾਸ ਸਬੰਧੀ ਜਾਂ ਵਾਤਾਵਰਣ ਸਬੰਧੀ।

ਓਂਟਾਰੀਓ ਦੇ ਮਨੁੱਖੀ ਹੱਕਾਂ ਬਾਰੇ ਕਮੀਸ਼ਨ ਹੇਠ ਅਸਮਰਥ (ਅਪੰਗ) ਲੋਕਾਂ ਦੇ ਹੱਕਾਂ ਬਾਰੇ ਜਾਣੋ: ohrc.on.ca ਜਾਂ findlink.at/accssibact

### ਪਹੁੰਚਯੋਗਤਾ ਦੇ ਮਿਆਰ

ਓਂਟਾਰੀਓ ਦੇ ਅਸਮਰਥ (ਅਪੰਗ) ਲੋਕਾਂ ਲਈ ਪਹੁੰਚਯੋਗਤਾ ਬਾਰੇ ਕਾਨੂੰਨ (AODA) 2005, ਇਹ ਯਕੀਨੀ ਬਣਾਉਣ ਲਈ ਮਿਆਰ ਤੈਅ ਕਰਦਾ ਹੈ ਕਿ ਅਸਮਰਥ (ਅਪੰਗ) ਲੋਕ ਓਂਟਾਰੀਓ ਸਮਾਜ ਵਿੱਚ ਪੂਰੀ ਤਰ੍ਹਾਂ ਹਿੱਸਾ ਲੈ ਸਕਣ। ਓਂਟਾਰੀਓ ਵਿਚਲੇ ਸਾਰੇ ਕਾਰੋਬਾਰਾਂ ਅਤੇ ਜੱਥੇਬੰਦੀਆਂ ਨੂੰ ਗਾਹਕ ਸੇਵਾ, ਰੋਜ਼ਗਾਰ, ਜਾਣਕਾਰੀ ਅਤੇ ਸੰਚਾਰ, ਆਵਾਜਾਈ ਅਤੇ ਸਰਕਾਰੀ ਥਾਵਾਂ ਦੇ ਖੇਤਰਾਂ ਵਿੱਚ ਪਹੁੰਚਯੋਗਤਾ ਦੇ ਮਿਆਰ ਜ਼ਰੂਰ ਪੂਰੇ ਕਰਨੇ ਚਾਹੀਦੇ ਹਨ।

- ontario.ca ਜਾਂ findlink.at/accssibact 'ਤੇ AODA ਬਾਰੇ ਜਾਣੋ
- ontario.ca ਜਾਂ findlink.at/accsstandr 'ਤੇ ਪਹੁੰਚਯੋਗਤਾ ਮਿਆਰਾਂ ਬਾਰੇ ਜਾਣੋ।

ਅਸਮਰਥ (ਅਪੰਗ) ਲੋਕਾਂ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਲਈ 211 'ਤੇ ਕਾਲ ਕਰੋ ਜਾਂ disabilitydoorway.com 'ਤੇ ਡਿਸਅਬਿਲੀਟੀ ਡੋਰਵੇਅ (Disability Doorway) 'ਤੇ ਜਾਓ।

### ONTARIO DISABILITY SUPPORT PROGRAM (ODSP) - ਓਂਟਾਰੀਓ ਦਾ ਅਸਮਰਥ (ਅਪੰਗ) ਸਹਾਇਤਾ ਪ੍ਰੋਗਰਾਮ

ਓਂਟਾਰੀਓ ਦਾ ਅਸਮਰਥ (ਅਪੰਗ) ਸਹਾਇਤਾ ਪ੍ਰੋਗਰਾਮ, ਉਹਨਾਂ ਅਸਮਰੱਥ (ਅਪੰਗ) ਲੋਕਾਂ ਦੀ ਮਦਦ ਕਰਦਾ ਹੈ, ਜਿਹਨਾਂ ਨੂੰ ਪੈਸਿਆਂ ਦੀ ਲੋੜ ਹੈ ਅਤੇ/ਜਾਂ ਨੌਕਰੀ ਦੀ ਤਲਾਸ਼ ਕਰ ਰਹੇ ਹਨ।

mcss.gov.on.ca ਜਾਂ findlink.at/ont-dsp 'ਤੇ ਹੋਰ ਜਾਣੋ।

### ਭਾਈਚਾਰਕ ਸੰਭਾਲ

ਭਾਈਚਾਰਕ ਸੰਭਾਲ ਬਾਰੇ ਪਹੁੰਚ ਸੈਂਟਰ (CCAC) ਅਸਮਰਥ (ਅਪੰਗ) ਲੋਕਾਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਸੁਤੰਤਰ ਤੌਰ 'ਤੇ ਜ਼ਿੰਦਗੀ ਜੀਣ ਲਈ ਉਹਨਾਂ ਦੀ ਮਦਦ ਵਾਸਤੇ ਸੇਵਾਵਾਂ ਵਿੱਚ ਤਾਲਮੇਲ ਕਰਦਾ ਹੈ। CCAC ਸਟਾਫ਼ ਸਿਹਤ-ਸੰਭਾਲ, ਦਿਨ ਦੇ ਪ੍ਰੋਗਰਾਮਾਂ, ਸਹਾਇਕ ਹਾਊਸਿੰਗ ਅਤੇ ਲੰਮੀ-ਮਿਆਦ ਦੀਆਂ ਸੰਭਾਲ ਸਹੂਲਤਾਂ ਬਾਰੇ ਸਹਾਇਤਾ ਅਤੇ ਜਾਣਕਾਰੀ ਮੁਹੱਈਆ ਕਰਦਾ ਹੈ। ਹੋਰ ਜਾਣਕਾਰੀ ਲਈ ontario.ca ਜਾਂ findlink.at Ccac-loc 'ਤੇ ਜਾਓ।

### ਸਰਕਾਰੀ ਸਹਾਇਤਾ

ਅਸਮਰਥ (ਅਪੰਗ) ਬਾਲਗ਼ਾਂ ਅਤੇ ਬੱਚਿਆਂ ਲਈ ਕਈ ਸਰਕਾਰੀ ਪ੍ਰੋਗਰਾਮ ਉਪਲਬਧ ਹਨ। ਇਹਨਾਂ ਪ੍ਰੋਗਰਾਮਾਂ ਵਿੱਚ ਰਜਿਸਟਰਡ ਬਚਤ ਖਾਤੇ, ਟੈਕਸ ਕ੍ਰੈਡਿਟ ਅਤੇ ਮਾਲੀ ਸਹਾਇਤਾ ਦੀਆਂ ਹੋਰ ਕਿਸਮਾਂ ਸ਼ਾਮਿਲ ਹਨ। ਅਸਮਰਥ (ਅਪੰਗਤਾ) ਸਹਾਇਤਾ ਪ੍ਰੋਗਰਾਮ ਬਾਰੇ ਜਾਣਕਾਰੀ ਲਈ canadabenefits.gc.ca ਜਾਂ findlink.at/CanBenefit 'ਤੇ ਜਾਓ।


Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario